# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ

# ਮਿਤੀ **14.8.2020**

# ਦੀ ਕਾਰਵਾਈ

(ਮਤਾ ਨੰ: **124-133** )

ਕੋਵਿਡ-19(ਕੋਰੋਨਾ ਵਾਇਰਸ) ਇਸ ਵੇਲੇ ਪੂਰੇ ਵਿਸ਼ਵ ਵਿਚ ਫੈਲ ਚੁੱਕਿਆ ਹੈ, ਜਿਸ ਨੂੰ ਸਰਕਾਰ ਵਲੋਂ ਮਹਾਂਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ। ਪੰਜਾਬ ਸਰਕਾਰ ਵਲੋਂ ਜਾਰੀ ਹਦਾਇਤਾਂ ਨੰਬਰ:SS/ACSH/2020/528, ਮਿਤੀ 13.7.2020 ਅਤੇ ਜਿਲ੍ਹਾ ਮੈਜਿਸਟਰੇਟ ਵਲੋਂ ਸ਼ਹਿਰ ਵਿਚ ਸੈਕਸ਼ਨ 144 ਅਧੀਨ 5 ਤੋਂ ਵੱਧ ਵਿਅਕਤੀਆਂ ਦੇ ਇਕੱਠ ਨਾ ਹੋਣ ਸਬੰਧੀ ਜਾਰੀ ਹਦਾਇਤਾਂ ਅਤੇ ਕਮਿਸ਼ਨਰ ਜੀ ਦੇ ਦਫਤਰੀ ਪੱਤਰ ਨੰ:PA/2020/113-120, ਮਿਤੀ 20.7.2020 ਦੀ ਰੋਸ਼ਨੀ ਵਿਚ ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 14.8.2020 ਨੂੰ ਜ਼ੂਮ ਐਪ (ਆਨਲਾਇਨ ਤਰੀਕੇ) ਰਾਹੀਂ ਹੋਈ ਜਿਸ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................. ਚੇਅਰਮੈਨ
2. ਸ਼੍ਰੀ ਕਰਨੇਸ਼ ਸ਼ਰਮਾ, ਆਈ.ਏ.ਐਸ., ਕਮਿਸ਼ਨਰ, ................ ਮੈਂਬਰ
3. ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ, ............. ਮੈਂਬਰ
4. ਸ਼੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ .................. ਮੈਂਬਰ
5. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ ............... ਮੈਂਬਰ
6. ਸ਼੍ਰੀ ਗਿਆਨ ਚੰਦ, ਕੌਂਸਲਰ ...................................... ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.8.2020

**ਮਤਾ ਨੰ:** 124

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 31.7.2020 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 31.7.2020 ਨੂੰ ਜ਼ੂਮ ਐਪ (ਆਨ ਲਾਈਨ ਤਰੀਕੇ ਰਾਹੀਂ ਹੋਈ), ਦੀ ਕਾਰਵਾਈ ਮੀਟਿੰਗ ਤੋਂ ਪਹਿਲਾਂ ਹੀ ਸਬੰਧਤ ਕੌਂਸਲਰ/ਮੈਂਬਰ ਸਾਹਿਬਾਨਾਂ ਨੂੰ ਭੇਜ਼ੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ ਜੀ ।

ਫੈਸਲਾ:

- ਮਿਤੀ 6.7.2020 ਦੀ ਮੱਦ ਨੰ: 96 ਅਤੇ 97 ਮੇਅਰ ਜੀ ਵਲੋਂ ਦੱਸਿਆ ਗਿਆ ਸੀ ਕਿ ਇਹਨਾਂ ਦੋਵੇਂ ਕੰਮਾਂ ਦੇ ਬਿਲ ਉਹਨਾਂ ਪਾਸ ਆ ਚੁੱਕੇ ਹਨ ਜਿਹੜੇ ਕਿ ਪੜ੍ਹਣ ਯੋਗ ਨਹੀਂ ਹਨ, ਇਸ ਲਈ ਇਹ ਬਿਲ ਟਾਈਪ ਕਰਕੇ ਅਗਲੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇ । ਮੇਅਰ ਜੀ ਨੇ ਦੱਸਿਆ ਕਿ ਬਿਲ ਤਾਂ ਟਾਈਪ ਹੋ ਕੇ ਆ ਗਏ ਹਨ ਪ੍ਰੰਤੂ ਨਾ ਤਾਂ ਕੀਤੇ ਜਾਣ ਵਾਲੇ ਕੰਮ ਸਬੰਧੀ ਨਕਸ਼ਾ ਦਿੱਤਾ ਗਿਆ ਹੈ ਨਾ ਹੀ ਇਸ ਦਾ ਮੌਕਾ ਵੇਖਿਆ ਗਿਆ ਹੈ । ਉਹਨਾਂ ਐਸ.ਈ.(ਬੀ ਐਂਡ ਆਰ) ਨੂੰ ਹਦਾਇਤ ਕੀਤੀ ਕਿ ਦੋਵੇਂ ਸੋਧੇ ਜਾਣ ਵਾਲੇ ਕੰਮਾਂ ਦੇ ਮੌਕੇ ਅਤੇ ਨਕਸ਼ੇ ਉਹਨਾਂ ਨੂੰ ਮਿਤੀ 17.8.2020 ਨੂੰ ਵਖਾਏ ਜਾਣ ।
- ਮਿਤੀ 6.7.2020 ਦੀ ਮੱਦ ਨੰ: 99 ਸਬੰਧੀ ਫੈਸਲਾ ਹੋਇਆ ਸੀ ਕਿ ਵਾਰਡ ਨੰ: 56,35,36,37,10,11,12,13,14,15,22, ਅਤੇ 29, ਤੇ ਮੱਦ ਨੰ: 102 ਵਿੱਚ ਵਾਰਡ ਨੰ: 32,33 ਅਤੇ 34 ਦੇ ਕੰਮਾਂ ਦੇ ਟੈਂਡਰ ਹਾਲ ਦੀ ਘੜੀ ਲੰਬਿਤ ਰੱਖੇ ਜਾਂਦੇ ਹਨ ਕਿਉਂ ਜ਼ੋ ਇਹਨਾਂ ਵਾਰਡਾਂ ਦੇ ਪਿਛਲੇ ਮੇਨਟੀਨੈਂਸ ਦੇ ਕੰਮ ਦਫ਼ਤਰੀ ਰਿਪੋਰਟਾਂ ਅਨੁਸਾਰ ਅਜੇ ਤੱਕ ਮੁੰਕਮਲ ਨਹੀਂ ਹੋਏ ਜਾਂ ਠੇਕੇਦਾਰਾਂ ਵਲੋਂ ਉਹਨਾਂ ਦੇ ਅੰਤਮ ਬਿਲ ਪੇਸ਼ ਨਹੀਂ ਕੀਤੇ ਗਏ ਜਾਂ ਫਿਰ ਸਬੰਧਤ ਵਾਰਡ ਕੌਂਸਲਰ ਪਾਸੋਂ ਕੰਮ ਮੁੰਕਮਲ ਅਤੇ ਤਸੱਲੀਬਖ਼ਸ ਕੀਤੇ ਜਾਣ ਸਬੰਧੀ ਸਰਟੀਫਿਕੇਟ ਪ੍ਰਾਪਤ ਨਹੀਂ ਕੀਤੇ ਗਏ । ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਦੱਸਿਆ ਕਿ ਕੁਲ 80 ਵਾਰਡਾਂ ਵਿੱਚੋਂ ਸਿਰਫ ਵਾਰਡ ਨੰ: 22 ਅਤੇ 29 ਦੇ ਬਿਲ ਹੀ ਰਹਿ ਗਏ ਹਨ ਅਤੇ ਬਾਕੀ ਸਾਰੇ ਵਾਰਡਾਂ ਦਾ ਬਿਲ ਤਿਆਰ ਕਰਵਾ ਲਏ ਗਏ ਹਨ ਇਸ ਲਈ ਵਾਰਡ ਨੰ: 22 ਅਤੇ 29 ਦੇ ਨਵੇਂ ਟੈਂਡਰਾਂ ਦੇ ਕੰਮ ਹਾਲ ਦੀ ਘੜੀ ਲੰਬਿਤ ਰੱਖ ਲਏ ਜਾਣ ਅਤੇ ਬਾਕੀ ਵਾਰਡਾਂ ਦੇ ਨਵੇਂ ਟੈਂਡਰਾਂ ਨੂੰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ ਜਿਸ ਤੇ ਕਮੇਟੀ ਵਲੋਂ ਵਾਰਡ ਨੰ: 22 ਅਤੇ 29 ਦੇ ਨਵੇਂ ਟੈਂਡਰਾਂ ਨੂੰ ਹਾਲ ਦੀ ਘੜੀ ਲੰਬਿਤ ਰੱਖਿਆ ਗਿਆ ਅਤੇ ਬਾਕੀ ਦੇ ਵਾਰਡਾਂ ਦੇ ਨਵੇਂ ਟੈਂਡਰਾਂ ਦੀ ਪ੍ਰਵਾਨਗੀ ਦਿੱਤੀ ਗਈ ।
- ਮਿਤੀ 24.7.2020 ਦੀ ਮੱਦ ਨੰ: 108 ਅਤੇ 109 ਸਬੰਧੀ ਮਿਤੀ 31.7.2020 ਨੂੰ ਫੈਸਲਾ ਹੋਇਆ ਸੀ ਕਿ ਇਹ ਦੋਵੇਂ ਮਿਸਲਾਂ ਦੀ ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਨੂੰ ਨਾਲ ਲੈ ਕੇ ਮੇਅਰ ਜੀ ਦੇ ਦਫ਼ਤਰ ਪੜਤਾਲ ਕੀਤੀ ਜਾਵੇਗੀ ਅਤੇ ਉਸ ਉਪਰੰਤ ਹੀ ਇਹਨਾਂ ਟੈਂਡਰਾਂ ਤੇ ਕੋਈ ਫੈਸਲਾ ਲਿਆ ਜਾਵੇਗਾ ।ਐਸ.ਈ.(ਓ ਐਂਡ ਐਮ) ਨੇ ਦੱਸਿਆ ਕਿ ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਠੀਕ ਨਹੀਂ ਸਨ ਇਸ ਲਈ ਹੁਣ ਸੋਮਵਾਰ ਮਿਤੀ 17.8.2020 ਨੂੰ ਇਹ ਦੋਵੇਂ ਮਿਸਲਾਂ ਉਹਨਾਂ ਨੂੰ ਦਿਖਾ ਦਿੱਤੀਆਂ ਜਾਣਗੀਆਂ ।
- ਉਪਰੋਕਤ ਪ੍ਰੇਖਣਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.8.2020

**ਮਤਾ ਨੰ: 125**

ਵਿਸ਼ਾ:- ਸੀਵਰ ਜੈਟਿੰਗ ਮਸ਼ੀਨ, ਰੋਡ ਰੋਲਰ, ਕਰੇਨ ਉਪਰੇਟਰ ਅਤੇ ਵਾਟਰ ਸਪਰਿੰਕਲ ਮਸ਼ੀਨਾਂ ਨੂੰ ਚਲਾਉਣ ਲਈ ਉਪਰੇਸ਼ਨ ਕੰਟਰੈਕਟ ਕਰਨ ਦੇ ਤਖਮੀਨੇ ਵਿੱਚ 25% ਵਾਧਾ ਕਰਨ ਬਾਰੇ।

ਪੜਿਆ ਨੋਟ ਵਰਕਸ਼ਾਪ ਸ਼ਾਖਾ ਕਿ ਉਪਰੋਕਤ ਵਿਸੇ ਅਧੀਨ ਕੰਮ ਕਰਵਾਉਣ ਲਈ ਤਖਮੀਨਾ ਰੁਪਏ 13,20,208/- ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵਲੋਂ ਆਪਣੇ ਮਤਾ ਨੰਬਰ 40 ਮਿਤੀ 25-06-2018 ਰਾਹੀਂ ਦਿੱਤੀ ਗਈ। ਇਸ ਤਖਮੀਨੇ ਵਿੱਚ 2 ਸੀਵਰ ਜੈਟਿੰਗ ਮਸ਼ੀਨ ਓਪਰੇਟਰ, 1 ਕਰੇਨ ਓਪਰੇਟਰ ਅਤੇ 2 ਵਾਟਰ ਸਪਰਿੰਕਲਰ ਓਪਰੇਟਰ ਇੱਕ ਸਾਲ ਵਾਸਤੇ ਆਊਟ ਸੋਰਸ ਤੇ ਰੱਖਣ ਦੀ ਪ੍ਰੋਵੀਜਨ ਕੀਤੀ ਗਈ ਸੀ। ਇਸ ਮਤੇ ਦੀ ਅੰਤਿਮ ਪ੍ਰਵਾਨਗੀ ਸਥਾਨਕ ਸਰਕਾਰ ਵਲੋਂ ਆਪਣੇ ਪੱਤਰ ਨੰਬਰ 38187 ਮਿਤੀ 10-07-2018 ਰਾਹੀਂ ਦਿੱਤੀ ਗਈ। ਪਹਿਲੀ ਵਾਰ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ ਸਿਸਟਮ ਅਧੀਨ ਠੇਕੇਦਾਰ ਤੋਂ ਮਿਤੀ 29-10-2018 ਲਈ ਮੰਗੇ ਗਏ ਪਰੰਤੂ ਕੋਈ ਵੀ ਟੈਂਡਰ ਪ੍ਰਾਪਤ ਨਹੀਂ ਹੋਇਆ। ਦੂਜੀ ਵਾਰ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 11-12-2018 ਲਈ ਮੰਗੇ ਗਏ ਪਰੰਤੂ ਫਿਰ ਵੀ ਕੋਈ ਟੈਂਡਰ ਪ੍ਰਾਪਤ ਨਹੀਂ ਹੋਇਆ। ਇਸ ਉਪਰੰਤ ਤੀਸਰੀ ਵਾਰ ਇਸ ਕੰਮ ਦੇ ਟੈਂਡਰ ਮਿਤੀ 11-01-2019 ਲਈ ਮੰਗੇ ਗਏ ਤੇ ਸਿਰਫ ਇੱਕ ਟੈਂਡਰ ਮੈਸ: ਆਕਾਸ਼ ਕੰਟਰੈਕਟਰ, ਠੇਕੇਦਾਰ ਦਾ ਪ੍ਰਾਪਤ ਹੋਇਆ ਜ਼ੋ ਕਿ ਤਕਨੀਕੀ ਪਖੋਂ ਮਿਆਰ ਤੇ ਪੂਰਾ ਸੀ। ਅਜੰਸੀ ਵਲੋਂ 0.25% ਦੀ ਸੇਵਿੰਗ ਨਾਲ ਤਖਮੀਨਾ ਰੁਪਏ 13,20,208/- ਦੇ ਵਿਰੁੱਧ ਰੁਪਏ 13,16,907/- ਵਿੱਚ ਕੰਮ ਕਰਨਾ ਸੀ। ਇਸ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਵਲੋਂ ਆਪਣੇ ਮਤਾ ਨੰਬਰ 56 ਮਿਤੀ 01-03-2019 ਰਾਹੀਂ ਦਿੱਤੀ ਗਈ।

ਅਜੰਸੀ ਨਾਲ ਇਕਰਾਰਨਾਮਾ ਕਰਨ ਉਪਰੰਤ ਵਰਕ ਆਰਡਰ ਨੰਬਰ 142/Supdt.(W) ਮਿਤੀ 08-03-2019 ਜਾਰੀ ਕੀਤਾ ਗਿਆ ਤੇ ਉਪਰੋਕਤ ਕੰਮ ਵਾਸਤੇ 12 ਮਹੀਨੇ ਦਾ ਸਮਾਂ ਦਿੱਤਾ ਗਿਆ। ਇਹ ਕੰਮ ਹੁਣ ਮਿਤੀ 07.03.2020 ਨੂੰ ਖਤਮ ਚੁੱਕਾ ਹੈ।

ਇਥੇ ਇਹ ਦਸਿਆ ਜਾਂਦਾ ਹੈ ਕਿ ਉਪਰੋਕਤ ਕੰਮ ਵਾਸਤੇ ਬ੍ਰਾਂਚ ਵਲੋਂ ਅਗਲਾ ਸਾਲਾਨਾ ਤਖਮੀਨਾ ਪਹਿਲਾਂ ਹੀ ਤਿਆਰ ਕਰਕੇ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਲਈ ਭੇਜਿਆ ਗਿਆ ਸੀ, ਜਿਸ ਨੂੰ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 148 ਮਿਤੀ 24.12.2019 ਰਾਹੀਂ ਪ੍ਰਵਾਨ ਕੀਤਾ ਗਿਆ ਹੈ ਅਤੇ ਇਸ ਮਤੇ ਦੀ ਅੰਤਿਮ ਪ੍ਰਵਾਨਗੀ ਸਥਾਨਕ ਸਰਕਾਰ ਵਿਭਾਗ ਵਲੋਂ ਆਉਣੀ ਬਾਕੀ ਹੈ। ਇਸ ਉਪਰੰਤ ਇਸ ਕੰਮ ਦੇ ਟੈਂਡਰ ਪਹਿਲੀ ਵਾਰ ਮਿਤੀ 03.02.2020 ਰਾਹੀਂ ਲਗਾ ਕੇ ਮਿਤੀ 28.02.2020 ਲਈ ਮੰਗੇ ਗਏ ਤੇ ਸਿਰਫ ਇੱਕ ਟੈਂਡਰ ਪ੍ਰਾਪਤ ਹੋਇਆ। ਦੂਸਰੀ ਵਾਰ ਇਸ ਕੰਮ ਦੇ ਟੈਂਡਰ ਮਿਤੀ 06.03.2020 ਰਾਹੀਂ ਲਗਾ ਕੇ ਮਿਤੀ 23.03.2020 ਲਈ ਮੰਗੇ ਗਏ ਤੇ ਕੋਈ ਵੀ ਟੈਂਡਰ ਪ੍ਰਾਪਤ ਨਹੀਂ ਹੋਇਆ। ਹੁਣ ਤੀਸਰੀ ਵਾਰ ਇਸ ਕੰਮ ਦੇ ਟੈਂਡਰ ਮਿਤੀ 31.03.2020 ਰਾਹੀਂ ਲਗਾਏ ਗਏ ਪਰੰਤੂ ਇਸ ਦੋਰਾਨ ਕਰੋਨਾ ਵਾਇਰਸ ਕਾਰਨ ਪੂਰੇ ਦੇਸ਼ ਵਿੱਚ ਲੋਕ ਡਾਊਨ ਹੋਣ ਕਰਕੇ ਦਫਤਰੀ ਕੰਮ ਕਾਜ ਕਾਫੀ ਹੱਦ ਤੱਕ ਪ੍ਰਭਾਵਿਤ ਹੋ ਗਏ ਹਨ, ਜਿਸ ਕਾਰਨ ਸਥਾਨਕ ਸਰਕਾਰ ਵਿਭਾਗ ਪੰਜਾਬ ਵਲੋਂ ਮਿਲੀਆਂ ਹਦਾਇਤਾਂ ਅਨੁਸਾਰ ਇਸ ਕੰਮ ਦੇ ਟੈਂਡਰਾਂ ਦਾ ਸਮਾਂ ਮਿਤੀ 04.05.2020 ਤੱਕ ਵੱਧਾ ਦਿੱਤਾ ਗਿਆ ਹੈ। ਕਿਉਂ ਜ਼ੋ ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਇਹ ਕੰਮ ਰੋਕੇ ਨਹੀਂ ਜਾ ਸਕਦੇ, ਇਸ ਲਈ ਪੁਰਾਣੇ ਤਖਮੀਨੇ ਦੀ ਮਿਆਦ ਵਿੱਚ 25% ਵਾਧਾ ਕਰਦੇ ਹੋਏ ਮਿਤੀ 08.03.2020 ਤੋਂ ਅਗਲੇ 3 ਮਹੀਨੇ ਵਧਾਉਣ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਰਵ ਪ੍ਰਵਾਨੱਗੀ ਦੀ ਆਸ ਤੇ ਮੰਜ਼ੂਰੀ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਉਪਰੋਕਤ ਸਬੰਧੀ ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਜੀ ਨੇ ਕਮਿਸ਼ਨਰ ਸਾਹਿਬ ਜੀ ਨਾਲ ਗਲਬਾਤ ਕਰਕੇ ਮਿਤੀ: 08-06-2020 ਨੂੰ ਸਹਿਮਤੀ ਹਸਤਾਖਰ ਕੀਤੇ ਹਨ। ਕਮਿਸ਼ਨਰ ਸਾਹਿਬ ਜੀ ਨੇ ਮਿਤੀ: 29-06-2020 ਅਤੇ ਮਾਨਯੋਗ ਮੇਅਰ ਸਾਹਿਬ ਜੀ ਨੇ ਮਿਤੀ: 03-07-2020 ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ।

ਤਜ਼ਵੀਜ਼ ਅੰਤਮ ਪ੍ਰਵਾਨਗੀ ਹਿੱਤ ਵਿੱਤ ਅਤੇ ਠੇਕਾ ਕਮੇਟੀ ਵਿੱਚ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।ਇਹ ਵੀ ਫੈਸਲਾ ਹੋਇਆ ਕਿ ਅੱਗੇ ਤੋਂ ਨਵਾਂ ਟੈਂਡਰ ਲਗਾਉਣ ਤੋਂ ਪਹਿਲਾਂ ਇਹਨਾਂ ਦੀ ਜ਼ਰੂਰਤ ਹੈ ਜਾਂ ਨਹੀਂ ਸਬੰਧੀ ਇੱਕ ਕਮੇਟੀ ਗਠਤ ਕਰਨ ਦਾ ਅਧਿਕਾਰ ਮੇਅਰ ਜੀ ਨੂੰ ਦਿੱਤਾ ਜਾਂਦਾ ਹੈ ਤਾਂ ਜ਼ੋ ਕਮੇਟੀ ਫੈਸਲਾ ਕਰੇ ਕਿ ਕੀ ਇਸ ਵਰਕ ਫੋਰਸ ਦੀ ਲੋੜ ਨਗਰ ਨਿਗਮ ਨੂੰ ਹੈ ਜਾਂ ਨਹੀਂ?

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

14.8.2020

**ਮਤਾ ਨੰ: 126**

ਵਿਸਾ:- ਨਗਰ ਨਿਗਮ ਦੀਆਂ ਵੱਖ-ਵੱਖ ਗੱਡੀਆਂ ਲਈ ਵਾਸ਼ਿੰਗ ਬੁਆਏ, ਕਰੇਨ ਹੈਲਪਰ, ਟਾਇਰਮੈਨ ਅਤੇ ਰੈਸਟ ਕੀਪਰ ਆਊਟ ਸੋਰਸ ਤੇ ਇੱਕ ਸਾਲ ਵਾਸਤੇ ਰੱਖਣ ਦੇ ਤਖਮੀਨੇ ਵਿੱਚ 25% ਵਾਧਾ ਕਰਨ ਬਾਰੇ।

ਪੜਿਆ ਨੋਟ ਵਰਕਸ਼ਾਪ ਸ਼ਾਖਾ ਕਿ ਉਪਰੋਕਤ ਵਿਸੇ ਅਧੀਨ ਕੰਮ ਕਰਵਾਉਣ ਲਈ ਤਖਮੀਨਾ ਰੁਪਏ 13,91,533/- ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵਲੋਂ ਆਪਣੇ ਮਤਾ ਨੰਬਰ 41 ਮਿਤੀ 25-06-2018 ਰਾਹੀਂ ਦਿੱਤੀ ਗਈ। ਇਸ ਤਖਮੀਨੇ ਵਿੱਚ 2 ਵਾਸ਼ਿੰਗ ਬੁਆਏ, 1 ਕਰੇਨ ਹੈਲਪਰ, 1 ਟਾਇਰਮੈਨ, 1 ਜਿਪਸੀ ਡਰਾਇਵਰ ਅਤੇ 5 ਰੈਸਟ ਕੀਪਰ ਇੱਕ ਸਾਲ ਵਾਸਤੇ ਆਊਟ ਸੋਰਸ ਤੇ ਰੱਖਣ ਦੀ ਪ੍ਰੋਵੀਜਨ ਕੀਤੀ ਗਈ ਸੀ। ਇਸ ਮਤੇ ਦੀ ਅੰਤਿਮ ਪ੍ਰਵਾਨਗੀ ਸਥਾਨਕ ਸਰਕਾਰ ਵਲੋਂ ਆਪਣੇ ਪੱਤਰ ਨੰਬਰ 38187 ਮਿਤੀ 10-07-2018 ਰਾਹੀਂ ਦਿੱਤੀ ਗਈ। ਪਹਿਲੀ ਵਾਰ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ ਸਿਸਟਮ ਅਧੀਨ ਠੇਕੇਦਾਰ ਤੋਂ ਮਿਤੀ 29-10-2018 ਲਈ ਮੰਗੇ ਗਏ ਪਰੰਤੂ ਕੋਈ ਵੀ ਟੈਂਡਰ ਪ੍ਰਾਪਤ ਨਹੀਂ ਹੋਇਆ। ਦੂਜੀ ਵਾਰ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 11-12-2018 ਲਈ ਮੰਗੇ ਗਏ ਪਰੰਤੂ ਫਿਰ ਵੀ ਕੋਈ ਟੈਂਡਰ ਪ੍ਰਾਪਤ ਨਹੀਂ ਹੋਇਆ। ਇਸ ਉਪਰੰਤ ਤੀਸਰੀ ਵਾਰ ਇਸ ਕੰਮ ਦੇ ਟੈਂਡਰ ਮਿਤੀ 11-01-2019 ਲਈ ਮੰਗੇ ਗਏ ਤੇ ਸਿਰਫ ਇੱਕ ਟੈਂਡਰ ਮੈਸ: ਆਕਾਸ਼ ਕੰਟਰੈਕਟਰ, ਜਲੰਧਰ ਦਾ ਪ੍ਰਾਪਤ ਹੋਇਆ ਜੋ ਕਿ ਤਕਨੀਕੀ ਪਖੋਂ ਮਿਆਰ ਤੇ ਪੂਰਾ ਸੀ। ਅਜੰਸੀ ਵਲੋਂ 0.25% ਦੀ ਸੇਵਿੰਗ ਨਾਲ ਤਖਮੀਨਾ ਰੁਪਏ 13,91,533/- ਦੇ ਵਿਰੁੱਧ ਰੁਪਏ 13,88,054/- ਵਿੱਚ ਕੰਮ ਕਰਨਾ ਸੀ। ਇਸ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਵਲੋਂ ਆਪਣੇ ਮਤਾ ਨੰਬਰ 57 ਮਿਤੀ 01-03-2019 ਰਾਹੀਂ ਦਿੱਤੀ ਗਈ।

ਅਜੰਸੀ ਨਾਲ ਇਕਰਾਰਨਾਮਾ ਕਰਨ ਉਪਰੰਤ ਵਰਕ ਆਰਡਰ ਨੰਬਰ **146/Supdt.(W)** ਮਿਤੀ 08-03-2019 ਜਾਰੀ ਕੀਤਾ ਗਿਆ ਤੇ ਉਪਰੋਕਤ ਕੰਮ ਵਾਸਤੇ 12 ਮਹੀਨੇ ਦਾ ਸਮਾਂ ਦਿੱਤਾ ਗਿਆ। ਇਹ ਕੰਮ ਹੁਣ ਮਿਤੀ 07.03.2020 ਨੂੰ ਖਤਮ ਚੁੱਕਾ ਹੈ।

ਇਥੇ ਇਹ ਦਸਿਆ ਜਾਂਦਾ ਹੈ ਕਿ ਉਪਰੋਕਤ ਕੰਮ ਵਾਸਤੇ ਬ੍ਰਾਂਚ ਵਲੋਂ ਅਗਲਾ ਸਾਲਾਨਾ ਤਖਮੀਨਾ ਪਹਿਲਾਂ ਹੀ ਤਿਆਰ ਕਰਕੇ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਲਈ ਭੇਜਿਆ ਗਿਆ ਸੀ, ਜਿਸ ਨੂੰ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 148 ਮਿਤੀ 24.12.2019 ਰਾਹੀਂ ਪ੍ਰਵਾਨ ਕੀਤਾ ਗਿਆ ਹੈ ਅਤੇ ਇਸ ਮਤੇ ਦੀ ਅੰਤਿਮ ਪ੍ਰਵਾਨਗੀ ਸਥਾਨਕ ਸਰਕਾਰ ਵਿਭਾਗ ਵਲੋਂ ਆਉਣੀ ਬਾਕੀ ਹੈ। ਇਸ ਉਪਰੰਤ ਇਸ ਕੰਮ ਦੇ ਟੈਂਡਰ ਪਹਿਲੀ ਵਾਰ ਮਿਤੀ 03.02.2020 ਰਾਹੀਂ ਲਗਾ ਕੇ ਮਿਤੀ 28.02.2020 ਲਈ ਮੰਗੇ ਗਏ ਤੇ ਸਿਰਫ ਇੱਕ ਟੈਂਡਰ ਪ੍ਰਾਪਤ ਹੋਇਆ। ਦੂਸਰੀ ਵਾਰ ਇਸ ਕੰਮ ਦੇ ਟੈਂਡਰ ਮਿਤੀ 06.03.2020 ਰਾਹੀਂ ਲਗਾ ਕੇ ਮਿਤੀ 23.03.2020 ਲਈ ਮੰਗੇ ਗਏ ਤੇ ਕੋਈ ਵੀ ਟੈਂਡਰ ਪ੍ਰਾਪਤ ਨਹੀਂ ਹੋਇਆ। ਹੁਣ ਤੀਸਰੀ ਵਾਰ ਇਸ ਕੰਮ ਦੇ ਟੈਂਡਰ ਮਿਤੀ 31.03.2020 ਰਾਹੀਂ ਲਗਾਏ ਗਏ ਪਰੰਤੂ ਇਸ ਦੋਰਾਨ ਕਰੋਨਾ ਵਾਇਰਸ ਕਾਰਨ ਪੂਰੇ ਦੇਸ਼ ਵਿੱਚ ਲੋਕ ਡਾਊਨ ਹੋਣ ਕਰਕੇ ਦਫਤਰੀ ਕੰਮ ਕਾਜ ਕਾਫੀ ਹੱਦ ਤੱਕ ਪ੍ਰਭਾਵਿਤ ਹੋ ਗਏ ਹਨ, ਜਿਸ ਕਾਰਨ ਸਥਾਨਕ ਸਰਕਾਰ ਵਿਭਾਗ ਪੰਜਾਬ ਵਲੋਂ ਮਿਲੀਆਂ ਹਦਾਇਤਾਂ ਅਨੁਸਾਰ ਇਸ ਕੰਮ ਦੇ ਟੈਂਡਰਾਂ ਦਾ ਸਮਾਂ ਮਿਤੀ 04.05.2020 ਤੱਕ ਵੱਧਾ ਦਿੱਤਾ ਗਿਆ ਹੈ। ਕਿਉਂ ਜੋ ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਇਹ ਕੰਮ ਰੋਕੇ ਨਹੀਂ ਜਾ ਸਕਦੇ, ਇਸ ਲਈ ਪੁਰਾਣੇ ਤਖਮੀਨੇ ਦੀ ਮਿਆਦ ਵਿੱਚ 25% ਵਾਧਾ ਕਰਦੇ ਹੋਏ ਮਿਤੀ 08.03.2020 ਤੋਂ ਅਗਲੇ 3 ਮਹੀਨੇ ਵਧਾਉਣ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰੂਰਵ ਪ੍ਰਵਾਨੱਗੀ ਦੀ ਆਸ ਤੇ ਮੰਜ਼ੂਰੀ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਉਪਰੋਕਤ ਵਿਸ਼ੇ ਸਬੰਧੀ ਵਰਸ਼ਾਪ ਇੰਸਪੈਕਟਰ ਦੀ ਰਿਪੋਰਟ ਅਨੁਸਾਰ ਨਗਰ ਨਿਗਮ ਵਿੱਚ ਵਰਸ਼ਾਪ ਸ਼ਾਖਾ ਵਿੱਚ 2 ਵਾਸ਼ਿੰਗ ਬੁਆਏ ਅਤੇ 1 ਟਾਇਰਮੈਨ ਕੰਮ ਕਰ ਰਿਹਾ ਹੈ।ਉਹਨਾਂ ਦੀ ਤਨਖਾਹ ਬਣਾਉਣ ਸਬੰਧੀ ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਮਿਤੀ: 07-07-2020 ਨੂੰ ਸਹਿਮਤੀ ਹਸਤਾਖਰ ਕੀਤੇ ਹਨ।ਇਸ ਸਬੰਧੀ ਮਾਨਯੋਗ ਮੇਅਰ ਸਾਹਿਬ ਜੀ ਅਤੇ ਕਮਿਸ਼ਨਰ ਸਾਹਿਬ ਜੀ ਨੇ ਮਿਤੀ: 07-07-2020 ਨੂੰ ਵਿਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ।

ਤਜ਼ਵੀਜ਼ ਅੰਤਮ ਪ੍ਰਵਾਨਗੀ ਹਿੱਤ ਵਿੱਤ ਅਤੇ ਠੇਕਾ ਕਮੇਟੀ ਵਿੱਚ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।ਇਹ ਵੀ ਫੈਸਲਾ ਹੋਇਆ ਕਿ ਅੱਗੇ ਤੋਂ ਨਵਾਂ ਟੈਂਡਰ ਲਗਾਉਣ ਤੋਂ ਪਹਿਲਾਂ ਇਹਨਾਂ ਦੀ ਜ਼ਰੂਰਤ ਹੈ ਜਾਂ ਨਹੀਂ ਸਬੰਧੀ ਇੱਕ ਕਮੇਟੀ ਗਠਤ ਕਰਨ ਦਾ ਅਧਿਕਾਰ ਮੇਅਰ ਜੀ ਨੂੰ ਦਿੱਤਾ ਜਾਂਦਾ ਹੈ ਤਾਂ ਜੋ ਕਮੇਟੀ ਫੈਸਲਾ ਕਰੇ ਕਿ ਕੀ ਇਸ ਵਰਕ ਫੋਰਸ ਦੀ ਲੋੜ ਨਗਰ ਨਿਗਮ ਨੂੰ ਹੈ ਜਾਂ ਨਹੀਂ?

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

14.8.2020

**ਮਤਾ ਨੰ: 127**

ਵਿਸ਼ਾ:- Construction of 50 MLD Sewage Treatment Plant (STP), Rehabilitation of MPS AND 100 MLD UASB STP including O&M at Jalandhar Town (Under AMRUT) ਈ-ਟੈਂਡਰ ਪ੍ਰਵਾਨਗੀ ਹਿੱਤ।

| | | | |
|---|---|---|---|
| ਤਖਮੀਨਾ ਰੁਪਏ | 68,59,38,333/- | ਟੈਂਡਰ ਅਮਾਉਂਟ ਰੁਪਏ 69,72,42,333/- | |
| ਪ੍ਰਾਪਤ ਟੈਂਡਰ = | 3 (ਪਹਿਲੀ ਬਾਰੀ) | ਪ੍ਰਵਾਨਿਤ ਟੈਂਡਰ ਰੇਟ ਤਖਮੀਨੇ ਤੋਂ 1.01% ਜਿਆਦਾ ਤੇ | |
| ਅਜੰਸੀ ਦਾ ਨਾਮ | M/s Enviro Infra Engineers Pvt. Ltd. | | |

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਕਿ ਨਗਰ ਨਿਗਮ ਹਾਊਸ ਵਲੋਂ ਆਪਣੇ ਮਤਾ ਨੰਬਰ 114 ਮਿਤੀ 05.12.2016 ਰਾਹੀਂ AMRUT Scheme ਅਧੀਨ ਸ਼ਹਿਰ ਵਿੱਚ ਜਨਰੇਟ ਹੋ ਰਹੇ ਸੀਵਰੇਜ਼ ਦੇ ਪਾਣੀ ਨੂੰ ਟ੍ਰੀਟ ਕਰਨ ਵਾਸਤੇ ਅਤੇ ਫੋਲੜੀਵਾਲ ਵਿਖੇ ਲਗੇ ਹੋਏ ਪੁਰਾਣੇ 100 ਐਮ.ਐਲ.ਡੀ ਸੀਵਰੇਜ਼ ਟ੍ਰੀਟਮੈਂਟ ਪਲਾਂਟ ਦੀ ਟੈਕਨੋਲਜੀ ਨੂੰ ਚੇਂਜ ਕਰਨ ਵਾਸਤੇ ਪ੍ਰਵਾਨਗੀ ਦਿੱਤੀ ਸੀ। ਇਸ ਉਪਰੰਤ ਪੀ.ਐਮ.ਆਈ.ਡੀ.ਸੀ ਸਥਾਨਕ ਸਰਕਾਰ ਪੰਜਾਬ ਵਲੋਂ ਇਹ ਹਦਾਇਤ ਦਿੱਤੀ ਗਈ ਕਿ ਅਮਰੁਤ ਸਕੀਮ ਅਧੀਨ ਨਵੇਂ ਸੀਵਰੇਜ਼ ਟ੍ਰੀਟਮੈਂਟ ਪਲਾਂਟ ਬਣਾਉਣ ਵਾਸਤੇ ਸਾਰੇ ਸ਼ਹਿਰ ਦੀ ਸੀਵਰੇਜ਼ ਜਨਰੇਸ਼ਨ ਕੈਲਕੁਲੇਟ ਕੀਤੀ ਜਾਵੇ। ਇਸ ਉਪਰੰਤ ਨਗਰ ਨਿਗਮ ਜਲੰਧਰ ਵਲੋਂ ਜਲੰਧਰ ਸੀਵਰੇਜ਼ ਫੀਜੀਬਿਲਟੀ ਰਿਪੋਰਟ ਸਬਮੀਟ ਕੀਤੀ ਗਈ, ਜਿਸ ਵਿੱਚ ਸ਼ਹਿਰ ਦੇ ਸਾਰੇ ਸੀਵਰੇਜ਼ ਦੇ ਪਾਣੀ ਨੂੰ ਟ੍ਰੀਟ ਕਰਨ ਵਾਸਤੇ ਦੋ ਨਵੇਂ ਪਲਾਂਟਾ ਦੀ ਪ੍ਰੋਪੋਜਲ ਦਿੱਤੀ ਗਈ। ਇਸ ਪ੍ਰੋਪੋਜਲ ਵਿੱਚ ਇੱਕ ਪਲਾਂਟ 50 ਐਮ.ਐਲ.ਡੀ ਟ੍ਰੀਟਮੈਂਟ ਸ਼ਮਤਾ ਦਾ ਫੋਲੜੀਵਾਲ ਵਿਖੇ ਲਗਾਇਆ ਜਾਣਾ ਹੈ ਅਤੇ 15 ਐਮ.ਐਲ.ਡੀ ਸ਼ਮਤਾ ਦਾ ਬਸਤੀ ਪੀਰ ਦਾਦ ਵਿਖੇ ਲਗਾਇਆ ਜਾਣਾ ਹੈ। ਇਸ ਦੇ ਨਾਲ-ਨਾਲ ਫੋਲੜੀਵਾਲ ਵਿਖੇ ਪੁਰਾਣੇ ਲਗੇ ਹੋਏ 100 ਐਮ.ਐਲ.ਡੀ ਸੀਵਰੇਜ਼ ਟ੍ਰੀਟਮੈਂਟ ਪਲਾਂਟ ਨੂੰ ਵੀ ਪੰਜਾਬ ਪ੍ਰਦੂਸ਼ਨ ਕੰਟਰੋਲ ਬੋਰਡ ਦੇ ਆਊਟ ਲੇਟ ਪੈਰਾਮੀਟਰ ਦੀ ਨਵੀਂ ਨੋਟੀਫਿਕੇਸ਼ਨ ਦੇ ਹਿਸਾਬ ਨਾਲ ਚਲਾਉਣ ਵਾਸਤੇ ਰਿਪੇਅਰ ਕਰਵਾਉਣ ਲਈ ਵੀ ਕਿਹਾ ਗਿਆ।

ਇਸ ਉਪਰੰਤ ਟੈਕਨੀਕਲ ਸਬ ਕਮੇਟੀ ਸਥਾਨਕ ਸਰਕਾਰ ਪੰਜਾਬ ਵਲੋਂ ਆਪਣੀ 60ਵੀਂ ਮੀਟਿੰਗ ਮਿਤੀ 23-12-2019 ਨੂੰ ਨਵਾਂ 50 ਐਮ.ਐਲ.ਡੀ ਐਸ.ਟੀ.ਪੀ ਬਣਾਉਣ ਅਤੇ ਪੁਰਾਣੇ 100 ਐਮ.ਐਲ.ਡੀ ਨੂੰ ਰਿਪੇਅਰ ਕਰਕੇ ਅਗਲੇ 5 ਸਾਲਾਂ ਲਈ ਚਲਾਉਣ ਵਾਸਤੇ ਡੀ.ਐਨ.ਆਈ.ਟੀ ਦੀ ਪ੍ਰਵਾਨਗੀ ਦਿੱਤੀ, ਜਿਸ ਦੇ Minutes of Meeting ਉਨ੍ਹਾਂ ਵਲੋਂ ਆਪਣੇ ਪੱਤਰ ਨੰਬਰ 11254 ਮਿਤੀ 31-12-2019 ਰਾਹੀਂ ਭੇਜੇ ਗਏ। ਇਸ ਉਪਰੰਤ ਨਗਰ ਨਿਗਮ ਜਲੰਧਰ ਵਲੋਂ ਮਿਤੀ 01-01-2020 ਨੂੰ ਉਪਰੋਕਤ ਕੰਮ ਵਾਸਤੇ ਟੈਂਡਰ ਕਾਲ ਕੀਤੇ ਗਏ, ਜਿਨ੍ਹਾਂ ਨੂੰ ਮਿਤੀ 19-02-2020 ਨੂੰ ਖੋਲਿਆ ਗਿਆ ਅਤੇ ਹੇਠ ਲਿਖੇ ਅਨੁਸਾਰ ਕੰਪਨੀਆਂ ਦੀਆਂ ਬਿਡਾਂ ਪ੍ਰਾਪਤ ਹੋਈਆਂ:-

1. M/s Enviro Infra Engineers Pvt. Ltd.
2. M/s Voltas Limited
3. M/s Gharpure Engineering and Construction (P) Ltd.

ਉਪਰੋਕਤ ਕੰਪਨੀ ਵਲੋਂ ਪ੍ਰਾਪਤ ਹੋਈਆਂ ਬਿਡਾਂ M/s Shah Consultant Pvt. Ltd. ਨੂੰ ਟੈਕਨੀਕਲ ਵੈਲੁਏਸ਼ਨ ਕਰਨ ਵਾਸਤੇ ਭੇਜੀਆਂ ਗਈਆਂ। ਇਸ ਉਪਰੰਤ M/s Shah Consultant Pvt. Ltd. ਵਲੋਂ ਆਪਣੇ ਪੱਤਰ ਨੰਬਰ 2229 ਮਿਤੀ 22-06-2020 ਰਾਹੀਂ ਲਿਖਿਆ ਗਿਆ ਕਿ ਇਨ੍ਹਾਂ ਤਿੰਨਾ ਕੰਪਨੀਆਂ ਦੀਆਂ ਬਿਡਾਂ ਚੈਕ ਕਰ ਲਈਆਂ ਗਈਆਂ ਹਨ ਅਤੇ ਇਨ੍ਹਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਜਾ ਸਕਦੀਆਂ ਹਨ। ਇਸ ਉਪਰੰਤ ਮਾਨਯੋਗ ਕਮਿਸ਼ਨਰ ਜੀ ਦੇ ਹੁਕਮ ਮਿਤੀ 24-06-2020 ਰਾਹੀਂ ਇਨ੍ਹਾਂ ਕੰਪਨੀਆਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ, ਜਿਸ ਵਿੱਚ M/s Enviro Infra Engineers Pvt. Ltd. ਦੀ ਬਿਡ ਸਭ ਤੋਂ ਘੱਟ ਰੇਟਾਂ ਦੀ ਪਾਈ ਗਈ ਜੋ ਕਿ ਤਖਮੀਨੇ ਤੋਂ ਲਗਭਗ 1% ਵਾਧੂ ਸੀ। ਇਸ ਉਪਰੰਤ ਇਹ ਕੇਸ ਟੈਕਨੀਕਲ ਸਬ ਕਮੇਟੀ ਦੀ 67ਵੀਂ ਮੀਟਿੰਗ ਮਿਤੀ 30-06-2020 ਵਿੱਚ ਪ੍ਰਵਾਨਗੀ ਵਾਸਤੇ ਭੇਜਿਆ ਗਿਆ ਅਤੇ ਕਮੇਟੀ ਵਲੋਂ ਇਸ ਦੀ ਪ੍ਰਵਾਨਗੀ ਦਿੰਦੇ ਹੋਏ ਕਿਹਾ ਗਿਆ ਕਿ ਇਸ ਟੈਂਡਰ ਵਿੱਚ ਪ੍ਰਾਪਤ ਹੋਏ ਰੇਟ ਤਖਮੀਨੇ ਨਾਲੋਂ ਵੱਧ ਹਨ ਅਤੇ ਠੇਕੇਦਾਰ ਵਲੋਂ ਓਵਰਆਲ ਰੇਟਾਂ ਤੇ ਰੁਪਏ 5.00 ਲੱਖ ਲੈਸ ਕਰਨ ਦਾ ਬੇਨਤੀ ਪੱਤਰ ਵੀ ਦਿੱਤਾ ਗਿਆ ਪਰੰਤੂ ਇਸ ਤੋਂ ਇਲਾਵਾ ਵੀ ਰੇਟ ਵੱਧ ਹੋਣ ਕਾਰਨ ਇਸ ਕੇਸ ਨੂੰ ਪ੍ਰਵਾਨਗੀ ਵਾਸਤੇ ਸਟੇਟ ਲੈਵਲ ਟੈਕਨੀਕਲ ਕਮੇਟੀ ਵਿੱਚ ਭੇਜਿਆ ਜਾਵੇ, ਜਿਸ ਦੇ Minutes of Meeting ਉਨ੍ਹਾਂ ਵਲੋਂ ਆਪਣੇ ਪੱਤਰ ਨੰਬਰ PMIDC/GM(P)/2020/SPL-1 ਮਿਤੀ 08-07-2020 ਰਾਹੀਂ ਭੇਜੇ ਗਏ। ਇਸ ਉਪਰੰਤ ਇਹ ਟੈਂਡਰ ਕੇਸ ਅੰਤਿਮ ਪ੍ਰਵਾਨਗੀ ਵਾਸਤੇ ਸਟੇਟ ਲੈਵਲ ਟੈਕਨੀਕਲ ਕਮੇਟੀ ਦੀ 36ਵੀਂ ਮੀਟਿੰਗ ਮਿਤੀ 14-07-2020 ਪੇਸ਼ ਕੀਤਾ ਗਿਆ, ਜਿਸ ਦੀ ਪ੍ਰਵਾਨਗੀ ਕਮੇਟੀ ਵਲੋਂ ਆਪਣੇ ਪੱਤਰ ਨੰਬਰ 3819-29 ਮਿਤੀ 23-07-2020 ਰਾਹੀਂ ਤਖਮੀਨੇ ਨਾਲੋ 1.01% ਵਾਧੂ ਰੇਟਾਂ ਤੇ ਦਿੱਤੀ ਗਈ। ਸਰਕਾਰ ਵਲੋਂ ਉਪਰੋਕਤ ਅਨੁਸਾਰ ਪ੍ਰਵਾਨਿਤ ਟੈਂਡਰ ਰੇਟਾਂ ਮੁਤਾਬਿਕ ਵਿਸ਼ੇ ਅਧੀਨ ਕੰਮ ਦਾ ਟੈਂਡਰ ਪ੍ਰਵਾਨਗੀ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਹਿੱਤ ਪੇਸ਼ ਹੈ। ਤਜਵੀਜ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਹਿਤ ਪੇਸ਼ ਹੈ। ਨਿਗਰਾਨ ਇਜੀਨੀਅਰ (ਓ.ਐਂਡ ਐਮ.) ਨੇ ਮਿਤੀ 30.7.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਸੰਯੁਕਤ ਕਮਿਸ਼ਨਰ (ਈ) ਨੇ ਮਿਤੀ 31.7.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ: 31-07-2020 ਨੂੰ ਵਿਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦੇਣ ਹਿਤ ਲਿਖਿਆ ਹੈ। ਮਾਨਯੋਗ ਮੇਅਰ ਜੀ ਨੇ ਮਿਤੀ: 31-07-2020 ਰਾਹੀਂ ਵਿਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਤਜਵੀਜ ਅੰਤਿਮ ਪ੍ਰਵਾਨਗੀ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਪੇਸ਼ ਹੈ ਜੀ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਹਾਲ ਦੀ ਘੜੀ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ।ਮੇਅਰ ਜੀ ਵਲੋਂ ਮਿਤੀ 17.8.2020 ਨੂੰ ਕਮਿਸ਼ਨਰ ਜੀ ਨਾਲ ਇਸ ਮਿਸਲ ਨੂੰ ਘੋਖਿਆ ਜਾਵੇਗਾ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

14.8.2020

**ਮਤਾ ਨੰ: 128**

ਵਿਸ਼ਾ:- ਅਪਣਾ ਪਾਰਕ ਵਿਖੇ ਲਗਾਏ ਜਾਣ ਵਾਲੇ ਰਿਗ ਬੋਰ ਟਿਊਬਵੈਲ ਦੀ ਸਾਈਟ ਚੇਂਜ ਕਰਕੇ ਜੇ.ਪੀ ਨਗਰ ਫਲੈਟ ਵਿਖੇ ਲਗਾਉਣ ਦੀ ਪ੍ਰਵਾਨਗੀ ਬਾਰੇ। ਨਵਾਂ ਵਾਰਡ ਨੰ: 47 (ਰਿਪਲੇਸਮੈਂਟ)

ਤਖਮੀਨਾ ਰੁਪਏ: 17,80,722/- ਟੈਂਡਰ ਮੰਗੇ ਰੁਪਏ: 17,80,722/-
ਟੈਂਡਰ ਅਮਾਉਂਟ ਰੁਪਏ: 16,16,005/- ਸੇਵਿੰਗ 9.25%
ਅਜੰਸੀ ਦਾ ਨਾਮ:- ਮੈਸਰਜ਼ ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ ਜਲੰਧਰ
ਈ.ਪੀ.ਐਫ ਨੰ: PB JAL 1042952 ESI No. 29000614410000999

ਉਪਰੋਕਤ ਵਿਸ਼ੇ ਤੇ ਟਿਊਬਵੈਲ ਲਗਾਉਣ ਲਈ ਤਖਮੀਨਾ ਰੁਪਏ 17,80,722/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 66(1) ਮਿਤੀ 06-9-17 ਰਾਹੀਂ ਦਿੱਤੀ ਸੀ। ਇਸ ਕੰਮ ਟੈਂਡਰ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਐਨ.ਆਈ.ਟੀ ਨੰ: 35 ਮਿਤੀ 16.05.17 ਰਾਹੀਂ ਸੁਸਾਈਟੀਆਂ ਕੋਲੋ ਮਿਤੀ 09.06.17 ਲਈ ਮੰਗੇ ਗਏ, ਪਰੰਤੂ ਕਿਸੇ ਸੁਸਾਈਟੀ ਨੇ ਟੈਂਡਰਾਂ ਵਿੱਚ ਹਿੱਸਾ ਨਹੀ ਲਿਆ। ਠੇਕੇਦਾਰਾਂ ਕੋਲੋ ਟੈਂਡਰ ਮਿਤੀ 15.06.17 ਰਾਹੀਂ ਮੰਗੇ ਗਏ, ਕੁੱਲ 4 ਟੈਂਡਰ ਪ੍ਰਾਪਤ ਹੋਏ, ਜਿਸ ਦੀ ਤਕਨੀਕੀ ਬਿਡ ਮਿਆਰ ਤੇ ਪੂਰੀ ਸੀ, ਜਿਸ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਨੇ ਅਪਣੇ ਮਤਾ ਨੰ: 42 ਮਿਤੀ 22.09.17 ਰਾਹੀਂ ਦਿੱਤੀ ਸੀ।

ਇਸ ਕੰਮ ਦਾ ਇਕਰਾਰਨਾਮਾ ਕਰ ਲਿਆ ਗਿਆ ਅਤੇ ਵਰਕ ਆਰਡਰ ਨੰ: ਸੀ.ਈ/ਈ.ਟੀ/54 ਮਿਤੀ 30.11.17 ਜਾਰੀ ਕੀਤਾ ਗਿਆ ਅਤੇ ਕੰਮ ਮੁਕਮਲ ਕਰਨ ਲਈ 4 ਮਹੀਨੇ ਦਾ ਸਮਾ ਦਿੱਤਾ ਗਿਆ, ਪਰੰਤੂ ਉਸ ਸਮੇ ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਪੀਣ ਵਾਲੇ ਪਾਣੀ ਦੀ ਕਿਲਤ ਨੂੰ ਦੂਰ ਕਰਨ ਵਾਸਤੇ 120 ਫੁਟੀ ਰੋਡ ਬਸਤੀ ਮਿੱਠੂ ਵਾਲਾ ਟਿਊਬਵੈਲ ਅਪਨਾ ਪਾਰਕ ਲਗਾ ਦਿੱਤਾ ਗਿਆ ਸੀ ਤਾਂ ਜ਼ੋ ਲੋਕ ਨੂੰ ਪੀਣ ਵਾਲਾ ਪਾਣੀ ਮੁਹਇਆ ਕਰਵਾਇਆ ਜਾ ਸਕੇ।

ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਨੇ ਲਿਖਿਆ ਹੈ ਕਿ ਵਾਰਡ **ਨੰ: 47 ਦੀ ਮੌਜੂਦਾ ਕੌਂਸਲਰ ਸਾਹਿਬਨਾ ਸ੍ਰੀਮਤੀ ਬਲਵਿੰਦਰ ਕੌਰ ਜੀ ਨੇ ਪੱਤਰ ਮਿਤੀ 29.05.2020 ਰਾਹੀਂ ਮਾਨਯੋਗ ਮੇਅਰ ਜੀ ਨੂੰ ਲਿਖਿਆ ਹੈ ਕਿ ਜੇ.ਪੀ ਨਗਰ ਫਲੈਟ ਵਾਰਡ ਨੰ: 47 ਨਵਾਂ ਵਿਖੇ ਪੀਣ ਵਾਲੇ ਪਾਣੀ ਦੀ ਬਹੁਤ ਘਾਟ ਹੈ।** ਇਸ ਲਈ **ਅਪਨਾ ਪਾਰਕ ਵਾਰਡ ਨੰ: 47 ਵਾਲਾ ਅਲਾਟ ਟਿਊਬਵੈਲ ਜੇ.ਪੀ ਨਗਰ ਫਲੈਟ ਵਿਖੇ ਲਗਵਾ ਦਿੱਤਾ ਜਾਵੇ** ਤਾਂ ਜ਼ੋ ਇਲਾਕਾ ਨਿਵਾਸੀਆਂ ਨੂੰ ਪੀਣ ਵਾਲਾ ਪਾਣੀ ਮੁਹਇਆ ਹੋ ਸਕੇ। **ਉਪਰੋਕਤ ਨੂੰ ਮੁੱਖ ਰੱਖਦੇ ਹੋਏ ਅਪਨਾ ਪਾਰਕ ਵਾਲਾ ਅਲਾਟ ਟਿਊਬਵੈਲ ਜੇ.ਪੀ ਨਗਰ ਫਲੈਟ ਵਿਖੇ ਲਗਾਉਣ ਲਈ ਸਾਈਟ ਚੇਂਜ ਕਰਨ ਦੀ ਪ੍ਰਵਾਨਗੀ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਜੀ।** ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 8.6.2020 ਰਾਹੀਂ ਸਿਫਾਰਸ਼ ਕੀਤੀ ਹੈ । ਸੰਯੁਕਤ ਕਮਿਸ਼ਨਰ (ਈ) ਨੇ ਮਿਤੀ 4.8.2020 (ਜਿਸ ਦਿਨ ਉਹਨਾਂ ਨੂੰ ਇਹ ਮਿਸਲ ਪ੍ਰਾਪਤ ਹੋਈ) ਸਹਿਮਤੀ ਹਸਤਾਖਰ ਕੀਤੇ ਹਨ । ਕਮਿਸ਼ਨਰ ਜੀ ਨੇ ਮਿਤੀ 4.8.2020 ਨੂੰ ਲਿਖਿਆ ਹੈ ਕਿ Why all the files are delayed for two months? At the same time submitted.

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 6.8.2020 ਰਾਹੀਂ ਉਕਤ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ:

ਪ੍ਰਵਾਨ ਹੈ । ਇਹ ਵੀ ਫੈਸਲਾ ਹੋਇਆ ਤਜ਼ਵੀਜ਼ ਵਿੱਚ ਕਮਿਸ਼ਨਰ ਜੀ ਵਲੋਂ ਜ਼ੋ ਟਿੱਪਣੀ ਦਿੱਤੀ ਗਈ ਹੈ, ਸਬੰਧੀ ਸਬੰਧਤ ਅਧਿਕਾਰੀ ਅਗਲੀ ਮੀਟਿੰਗ ਵਿੱਚ ਜਵਾਬ ਦੇਣਗੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.8.2020

ਮਤਾ ਨੰ: 129
ਵਿਸ਼ਾ:- ਓ.ਐਂਡ ਐਮ. ਸ਼ਾਖਾ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆ ਦੇ ਕੰਮਾਂ ਦੇ ਤਖਮੀਨੇ ਓ.ਐਂਡ ਐਮ. ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**ਰੁਪਏ ਲੱਖਾਂ ਵਿੱਚ**

| Sr. No. | W. No. | Name of Work | Est. Amt. | Saving %age | Tender Amt. | Name of Agency | Tender called (No. of Times) | No. of Tenders Received | House Reso. & date |
|---|---|---|---|---|---|---|---|---|---|
| 1 | ਜ਼ | ਪ੍ਰਚੇਜ਼ ਆਫ ਇੰਪੈਲਰ ਕੇ.ਐਸ.ਬੀ. ਮੇਕ ਨੋਨ ਕਲੋਗ ਸੀਵਰੇਜ਼ ਸਬਮਰਸੀਬਲ ਆਫ 48 ਕੇ.ਵੀ. ਫਾਰ ਕਿਸ਼ਨਪੁਰਾ ਡਿਸਪੋਜ਼ਲ | 2.97 | 3.13% | 2.88 | ਮੈਸਰਜ਼ ਗੁਰੂ ਨਾਨਕ ਇੰਜੀਨਿਅਰਿੰਗ ਵਰਕਸ | 4th | 1 | 159(17) dt. 18.10.2018 |
| 2 | 22 | ਜ਼ਸਵੰਤ ਨਗਰ ਵਿੱਚ ਸੀਵਰ ਲਾਈਨ ਪਾਉਣ ਬਾਰੇ । | 1.37 | 2% | 1.34 | ਮੈਸਰਜ਼ ਸਰੀਨ ਕੰਟਰੈਕਟਰ | 2nd | 3 | 95(2) dt.29.11.2019 |
| 3 | 35 | ਸੰਤ ਪੁਰਾ ਮੁਹੱਲਾ ਵਿੱਚ ਸੀਵਰ ਲਾਈਨ ਪਾਉਣ ਬਾਰੇ । | 1.11 | 1.25% | 1.10 | ਮੈਸਰਜ਼ ਸਰੀਨ ਕੰਟਰੈਕਟਰ | 9th | 1 | 159(13) dt.18.10.2018 |
| 4 | 68 | ਮੁਹੱਲਾ ਸੰਗਤ ਸਿੰਘ ਨਗਰ ਤੋਂ ਸਰਸਵਤੀ ਵਿਹਾਰ ਵਿੱਚ 8" ਸੀਵਰ ਲਾਈਨ ਪਾਉਣ ਬਾਰੇ । | 2.24 | 1% | 2.22 | ਸ:ਸਵਰਨ ਸਿੰਘ | 2nd | 3 | 97(16) dt.29.11.2019 |
| 5 | 47 | ਕੰਸਟਰਕਸ਼ਨ ਆਫ ਮੈਨਹੋਲ ਐਟ ਮੇਨ ਰੋਡ ਜੇ.ਪੀ. ਨਗਰ ਆਪੋਜ਼ਿਟ ਗੁਰੂਦੁਆਰਾ ਸਾਹਿਬ । | 1.93 | 1% | 1.92 | ਸ:ਇੰਦਰਪਾਲ ਸਿੰਘ ਗੋਰਮੈਂਟ ਕੰਟਰੈਕਟਰ | 2nd | 3 | 146 dt. 29.11.2019 |
| 6 | 17 | ਰਿਪੇਅਰ ਆਫ ਮੇਨ ਹੋਲ ਆਨ 42" ਡਾਇਆ ਸੀਵਰ ਲਾਈਨ ਇਨ ਸੂਰਿਆ ਇਨਕਲੇਵ | 4.41 | 1% | 4.37 | ਸ:ਇੰਦਰਪਾਲ ਸਿੰਘ ਗੋਰਮੈਂਟ ਕੰਟਰੈਕਟਰ | 2nd | 3 | 101(27) dt.29.11.2019 |
| 7 | 32 | ਬੋਹੜ ਵਾਲੀ ਗਲੀ ਅਬਾਦਪੁਰਾ ਵਿੱਚ ਪੁਰਾਣੀ 8" ਸੀਵਰ ਲਾਈਨ ਬਦਲਣ ਬਾਰੇ । | 2.15 | 0.50% | 2.14 | ਮੈਸਰਜ਼ ਜਤਿਨ ਸ਼ਰਮਾ | 4th | 1 | 91(17) dt. 25.6.2018 |
| 8 | ਜ਼ | ਸ਼ਹਿਰੀ ਵਾਤਾਵਰਨ ਸੁਧਾਰ ਪ੍ਰੋਗਰਾਮ ਅਧੀਨ ਅਰਬਨ ਲੋਕਲ ਬਾਡੀਜ਼ ਨੂੰ ਸਬੰਧਤ ਡਿਪਟੀ ਕਮਿਸ਼ਨਰਾਂ ਰਾਹੀਂ ਪੀ.ਆਈ.ਡੀ.ਬੀ. ਵਲੋਂ ਜਾਰੀ ਕੀਤੇ ਜਾਣ ਵਾਲੇ ਫੰਡਜ਼ ਅਧੀਨ ਵਿਧਾਨ ਸਭਾ ਹਲਕਾ ਜਲੰਧਰ ਸੈਂਟਰਲ ਵਿੱਚ ਪੈਂਦੇ ਜ਼ੋਗਿੰਦਰ ਚੌਂਕ ਤੋਂ ਏਕਤਾ ਨਗਰ ਵਿੱਚ ਸੀਵਰ ਲਾਈਨ ਪਾਉਣ ਬਾਰੇ । | 12.56 | 0.25% | 12.53 | ਮੈਸਰਜ਼ ਸਰੀਨ ਕੰਟਰੈਕਟਰ | 6th | 1 | 90 dt. 29.11.2019 |

ਕਾਰਜਕਾਰੀ ਇੰਜੀਨੀਅਰ, ਨਿਗਰਾਨ ਇੰਜੀਨਿਅਰ (ਓ ਐਂਡ ਐਮ) ਸ਼ਾਖਾ ਅਤੇ ਸੰਯੁਕਤ ਕਮਿਸ਼ਨਰ(ਈ) ਨੇ ਵੱਖ-ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਮੱਦ ਵਿੱਚ ਦਰਜ ਲੜੀ ਨੰ: 8 ਦੇ ਟੈਂਡਰ ਨੂੰ ਹਾਲ ਦੀ ਘੜੀ ਲੰਬਿਤ ਰੱਖਿਆ ਜਾਂਦਾ ਹੈ ਅਤੇ ਬਾਕੀ ਦੇ ਟੈਂਡਰਾਂ ਨੂੰ ਪ੍ਰਵਾਨ ਕੀਤਾ ਜਾਂਦਾ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.8.2020

ਮਤਾ ਨੰ: 130

ਵਿਸ਼ਾ:- ਸਥਾਨਕ ਸਰਕਾਰ ਵੱਲੋਂ ਨਗਰ ਨਿਗਮ ਜਲੰਧਰ ਵਿਖੇ ਮਤਾ ਨੰ: 44,45 ਮਿਤੀ 29.11.19 ਅਤੇ ਮਤਾ ਨੰ: 149 ਮਿਤੀ 24.12.19 ਅਧੀਨ ਆਊਟ ਸੋਰਸ ਤੇ ਕੰਮ ਕਰ ਰਹੇ ਕਰਮਚਾਰੀਆਂ ਦੀਆਂ ਸੇਵਾਵਾ ਦੇ ਤਖਮੀਨੇ ਵਿੱਚ 25% ਵਾਧੇ ਦੀ ਪ੍ਰਵਾਨਗੀ ਦੇਣ ਸਬੰਧੀ।

| ਲੜੀ ਨੰ: | ਮਤੇ ਦਾ ਵਿਸ਼ਾ | ਤਖਮੀਨਾ ਰੁਪਏ | House Reso no | F&CC No. | Work orders |
|---|---|---|---|---|---|
| 1 | ਵਾਰਟ ਰੇਟ ਸ਼ਾਖਾ, ਆਡਿਟ ਸ਼ਾਖਾ, ਕੰਪਲੇਂਟ ਸੈਲ ਅਤੇ ਵਰਕਸ਼ਾਪ ਸ਼ਾਖਾ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ 6 ਕੰਪਿਊਟਰ ਉਪਰੇਟਰ ਕਰਮਚਾਰੀ ਆਊਟ ਸੋਰਸ ਰਾਹੀਂ ਠੇਕੇ ਤੇ ਰੱਖਣ ਦੇ ਤਖਮੀਨੇ ਦੀ ਪ੍ਰਵਾਨਗੀ ਬਾਰੇ। | 9,89,640/- | 45 Dt. 29.11.19 | 143 26.09.19 | CE/ET/135 22.08.19 |
| 2 | ਦਫਤਰੀ ਕੰਮ ਕਾਜ਼ ਵਾਸਤੇ ਓ.ਐਂਡ.ਐਮ ਸੈਲ ਦੇ ਕਾਰਜਕਾਰੀ ਇੰਜੀਨੀਅਰਾਂ/ਸੁਪਰਡੰਟ ਓ.ਐਂਡ.ਐਮ, ਅਮਲਾ ਸ਼ਾਖਾ ਅਤੇ ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਵਾਸਤੇ ਪੰਜ ਦਰਜਾ-3 ਕਰਮਚਾਰੀ (ਚਾਰ ਕੰਪਿਊਟਰ ਉਪਰੇਟਰ ਅਤੇ ਇਕ ਕਰਮਚਾਰੀ ਸਟਾਫ ਕੈਟਾਗਰੀ-ਬੀ) ਆਊਟ ਸੋਰਸ ਰਾਹੀਂ ਠੇਕੇ ਤੇ ਰੱਖਣ ਬਾਰੇ। | 8,55,540/- | 149 Dt. 24.12.19 | 142 26.09.19 | CE/ET/134 22.08.19 |
| 3 | ਸ਼ਹਿਰ ਦੀ ਵਾਟਰ ਸਪਲਾਈ ਦੀ ਰਿਪੇਅਰ ਅਤੇ ਮੇਨਟੀਨੈਂਸ ਵਾਸਤੇ ਮੈਨ-ਪਾਵਰ (6 ਮੈਸਨ ਅਤੇ 58 ਫਿਟਰ ਕੁੱਲੀ/ਹੈਲਪਰ) ਆਊਟ ਸੋਰਸ ਰਾਹੀਂ ਠੇਕੇ ਤੇ ਰੱਖ ਬਾਰੇ। | 89,12,800/- | 44 Dt. 29.11.19 | 133 19.08.19 | CE/ET/120 19.08.19 |

ਉਪਰੋਕਤ ਦਰਸ਼ਾਏ ਟੇਬਲ ਅਨੁਸਾਰ ਇਹਨਾਂ ਆਊਟ ਸੋਰਸ ਤੇ ਰੱਖੇ ਕਰਮਚਾਰੀਆਂ ਦਾ ਤਖਮੀਨੇ ਤਿਆਰ ਕੀਤੇ ਗਏ ਸਨ, ਜਿਹਨਾ ਦੀ ਮਿਆਦ ਮਿਡ ਜੁਲਾਈ/ਅਗਸਤ 2020 ਨੂੰ ਖਤਮ ਹੋ ਰਹੀ ਹੈ, ਪਰੰਤੂ ਕੋਵਿਡ-19 ਮਾਹਾਂਮਾਰੀ ਹੋਣ ਕਾਰਨ ਅਜੇ ਤੱਕ ਆਊਟ ਸੋਰਸ ਤੇ ਰੱਖੇ ਕਰਮਚਾਰੀਆਂ ਦੇ ਨਵੇ ਤਖਮੀਨੇ ਹਾਊਸ ਦੀ ਪ੍ਰਵਾਨਗੀ ਹਿੱਤ ਭੇਜੇ ਜਾ ਚੁਕੇ ਹਨ। ਪ੍ਰਵਾਨ ਨਹੀ ਹੋਏ ਹਨ। ਤਖਮੀਨੇ ਪ੍ਰਵਾਨ ਹੋਣ ਉਪਰੰਤ ਨਵੇ ਟੈਂਡਰਾਂ ਲਗਾਉਣ, ਟੈਂਡਰਾਂ ਦੀ ਪ੍ਰਾਪਤੀ ਅਤੇ ਟੈਂਡਰਾਂ ਦੀ ਪ੍ਰਵਾਨਗੀ ਨੂੰ ਸਮਾ ਲਗ ਸਕਦਾ ਹੈ। ਵਿੱਤ ਵਿਭਾਗ ਵੱਲੋਂ ਜਾਰੀ ਪੱਤਰ ਨੰ: **FD-FB-108/3/2020-5FB1/ 15054 dt 11.03.2020 ਕੱਚੀਆਂ ਅਸਾਮੀਆਂ ਦੀਆਂ ਸੇਵਾਵਾਂ ਸਾਲ 2020-21 ਤੱਕ ਜਾਰੀ ਰੱਖਣ ਦੀ ਪ੍ਰਵਾਨਗੀ ਦਿੱਤੀ ਹੈ।**

ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 18.6.2020 ਰਾਹੀਂ ਲਿਖਿਆ ਹੈ ਕਿ ਇਥੇ ਇਹ ਦਸਣਯੋਗ ਹੈ ਕਿ ਇਹ ਆਊਟ ਸੋਰਸ ਤੇ ਰੱਖੇ ਕਰਮਚਾਰੀਆਂ ਦੀ ਨਗਰ ਨਿਗਮ ਨੂੰ ਬਹੁਤ ਲੋੜ ਹੈ। ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਾਸਤੇ ਅਤੇ ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਜਦੋ ਤੱਕ ਨਵੇਂ ਤਖਮੀਨੇ ਅਤੇ ਟੈਂਡਰ ਪ੍ਰਵਾਨ ਨਹੀ ਹੁੰਦੇ ਹਨ, ਉਦੋ ਤੱਕ ਹਾਊਸ ਤੋ ਪਹਿਲਾ ਪ੍ਰਵਾਨ ਇਹਨਾ ਕੰਮਾਂ ਦੇ ਟੈਂਡਰਾਂ ਦੇ ਤਖਮੀਨਿਆਂ ਨੂੰ 25% ਵਾਧਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ ਜੀ। ਉਪਰੋਕਤ ਅਨੁਸਾਰ ਤਜਵੀਜ਼ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 19.6.2020 ਰਾਹੀਂ ਕੰਮ ਦੀ ਮਹਤੱਤਾ ਦੇ ਮੱਦੇਨਜ਼ਰ ਤਜ਼ਵੀਜ਼ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕਰਨ ਲਈ ਸਿਫਾਰਸ਼ ਕੀਤੀ ਹੈ । ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 1.7.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਮਿਤੀ: 19-07-2020 ਰਾਹੀਂ ਵਿਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਤਜਵੀਜ ਅੰਤਿਮ ਪ੍ਰਵਾਨਗੀ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

14.8.2020

ਮਤਾ ਨੰ: 131

ਵਿਸ਼ਾ:- ਬੀ. ਐਂਡ ਆਰ. ਸ਼ਾਖਾ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ।(ਜਨਰਲ ਫੰਡਾਂ ਅਧੀਨ)

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਰੁਪਏ ਲੱਖਾਂ ਵਿੱਚ

| Sr. No. | W. No. | Name of Work | Est. Amt. | BOQ/ Sanctioned Amt. | Saving %age | Tender Amt. | Name of Agency | Tender called (No. of Times) | No. of Tenders Received | House Reso. & date |
|---|---|---|---|---|---|---|---|---|---|---|
| 1 | 44 | P/F I/L Tiles on 120' Road Jagjivan Ram chowk | 25.65 | 25.65 | 22.99% | 19.75 | The Suraj Co-op L/C Society | 1st | 4 | 83(72) dt. 29.11.2019 |
| 2 | 2 | Maintenance of Streets, Drains and parks | 10.00 | 10.00 | 7.43% | 9.26 | Radha Contractor | 5th | 1 | 97(5) dt. 25.6.2018 |
| 3 | 4 | Maintenance of Streets, Drain and Parks | 10.00 | 10.00 | 7.10% | 9.29 | Radha Contractor | 6th | 2 | 97(8) dt. 25.6.2018 |
| 4 | Gen | P/L BC on Main Road from Shastri Chowk to Madan Flour Mill. **(Worthy Commissioner has recommended vide its order dt. 4.8.2020 that road near Ajit Newspaper is already in good condition. Only that portion to be laid which is reqd.)** | 51.38 | 47.61 | 1.08% | 47.10 | M/s. Satish Aggarwal & Co. | 7th | 1 | 82(2) dt. 29.11.2019 |
| 5 | Gen | P/F of Paawan Satya Chinh at Bhagwan Valmik Chowk | 2.80 | 2.78 | 0.22% | 2.77 | Hari Const. Co. | 2nd | 1 | 100(36) dt. 29.11.2019 |
| 6 | Gen | Const. of main road from Guru Ravidass Chowk to Manbro Supermarket to BSNL Exchange | 55.89 | 55.89 | 4.90% | 53.14 | Bhushan Churra & Co. | 5th | 1 | 85(14) dt. 29.11.2019 |

ਕਾਰਜਕਾਰੀ ਇੰਜੀਨੀਅਰ, ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਅਤੇ ਸੰਯੁਕਤ ਕਮਿਸ਼ਨਰ (ਸ਼) ਨੇ ਵੱਖ-ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

14.8.2020

ਮਤਾ ਨੰ: 132

ਵਿਸ਼ਾ:- ਬੀ. ਐਂਡ ਆਰ. ਸ਼ਾਖਾ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ। **(ਯੂ.ਈ.ਆਈ.ਪੀ. ਫੰਡਾਂ ਅਧੀਨ)**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਰੁਪਏ ਲੱਖਾਂ ਵਿੱਚ

| Sr. No. | W. No. | Name of Work | Est. Amt. | BOQ/ Sanctioned Amt. | Saving %age | Tender Amt. | Name of Agency | Tender called (No. of Times) | No. of Tenders Received | House Reso. & date |
|---|---|---|---|---|---|---|---|---|---|---|
| 1 | 75 | P/L of 20mm in PC in Main street Jalandhar Kunj | 19.36 | 19.36 | 1.08% | 19.15 | M/s. Satish Aggarwal & Co. | 7th | 1 | 81(K-03) dt.29.11.2019 |
| 2 | 41 | P/L of WBM, BM and PC on the Road of Hamilton Estate | 24.99 | 24.99 | 1.08% | 24.72 | M/s. Satish Aggarwal & Co. | 7th | 1 | 81(W-08) dt.29.11.2019 |
| 3 | 69 | P/L SDBC on roads of Jain Colony Near Gulab Devi Road | 2.60 | 2.60 | 1.05% | 2.57 | M/s. Satish Aggarwal & Co. | 7th | 1 | 81(N-42) dt. 29.11.2019 |
| 4 | 8 | P/L of WBM, BM and PC on the streets of Silver Enclave | 16.91 | 16.91 | 1.05% | 16.73 | M/s. Satish Aggarwal & Co. | 7th | 1 | 81(CL-8) dt. 29.11.2019 |
| 5 | 8 | P/L of WBM, BM and PC on Main Road Park Avenue | 19.86 | 19.86 | 1.05% | 19.65 | M/s. Satish Aggarwal & Co. | 7th | 1 | 81(CL-11) dt. 29.11.2019 |
| 6 | 41 | P/L of WBM, BM and PC on Geeta Colony Main Road Near Park Geeta colony | 20.88 | 20.88 | 1.08% | 20.65 | M/s. Satish Aggarwal & Co. | 7th | 1 | 81(W-10) dt. 29.11.2019 |
| 7 | 69 | P/L 25mm Thick SDBC on Roads Near Sant Garh Gurudawara | 5.40 | 5.40 | 1.05% | 5.34 | M/s. Satish Aggarwal & Co. | 10th | 1 | 81(N-22) dt.29.11.2019 |
| 8 | 2 | P/L SDBC in New Guru Amardass Nagar in Front of Secular Public School | 4.43 | 4.43 | 1.05% | 4.38 | M/s. Satish Aggarwal & Co. | 7th | 1 | 81(N-30) dt.29.11.2019 |

ਕਾਰਜਕਾਰੀ ਇੰਜੀਨੀਅਰ, ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਅਤੇ ਸੰਯੁਕਤ ਕਮਿਸ਼ਨਰ (ਸ਼) ਨੇ ਵੱਖ-ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਮੱਦ ਵਿੱਚ ਦਰਜ ਲੜੀ ਨੰ: 2 ਦੇ ਟੈਂਡਰ ਨੂੰ ਹਾਲ ਦੀ ਘੜੀ ਲੰਬਿਤ ਰੱਖਿਆ ਜਾਂਦਾ ਹੈ ਅਤੇ ਬਾਕੀ ਦੇ ਟੈਂਡਰਾਂ ਨੂੰ ਪ੍ਰਵਾਨ ਕੀਤਾ ਜਾਂਦਾ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

14.8.2020

ਮਤਾ ਨੰ: 133

Subject: Repair of park near Division No. 1, Industrial Park. (Change of Site)

Read note of Corporation Engineer (B&R) dt. 4.8.2020 that the above work was allotted to "The Bluemoon Co-op L/C Society" vide work order No. CE/N/54 dated 7.3.2019. Time given for this work was 2 months. The wark was not started at the original site. Area Councillor has requested to transfer the above work to Park Number 4 in Shiv Nagar as it is in very bad condition. The letter of request is attached in the File. Work of Boundary wall repair, footpath construction, cement plaster, snowcem, bench installation, kids play equipment, construction of hut and paint etc. is to be done in the Shiv Nagar Park as demanded by area councilor. The work will be done in the same amount as passed in original estimate of 3.22 lacs. The revised estimate and revised site plan is attached in the file. The case is forwarded for the approval of revised site plan and revised estimate from F&CC. S.E.(B&R) vide his note dated 4.8.2020 wrote that why the work was not done in the original time limit at the original site taken in the estimate?. XEN (B&R) in reply to this wrote that area of park is very large approx. 3.00 Acre. More funds are required to develop the park and condition of Shiv Nagar Park No. 4 is very bad condition and need to be urgently repaired. Councillor's letter is attached with the file. S.E.(B&R) agreed and has recommended for this proposal. ਸੰਯੁਕਤ ਕਮਿਸ਼ਨਰ (ਸ਼) ਨੇ ਮਿਤੀ 4.8.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਕਮਿਸ਼ਨਰ ਜੀ ਨੇ ਮਿਤੀ 4.8.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 6.8.2020 ਰਾਹੀਂ ਉਕਤ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ:

ਵਿਚਾਰ ਵਟਾਂਦਰੇ ਦੌਰਾਨ ਮੇਅਰ ਜੀ ਵਲੋਂ ਕਿਹਾ ਗਿਆ ਕਿ ਇਸ ਤਜ਼ਵੀਜ਼ ਬਾਬਤ ਉਹਨਾਂ ਨੂੰ ਕੋਈ ਇਤਰਾਜ਼ ਨਹੀਂ ਹੈ ਪ੍ਰੰਤੂ ਵਿੱਤ ਅਤੇ ਠੇਕਾ ਕਮੇਟੀ ਵਿੱਚ ਇਹ ਤਜ਼ਵੀਜ਼ ਭੇਜਣ ਤੋਂ ਪਹਿਲਾਂ ਸਬੰਧਤ ਜੇ.ਈ./ਐਸ.ਡੀ.ਓ. ਦੀ ਜਵਾਬ ਤਲਬੀ ਕੀਤੀ ਜਾਵੇ ਕਿ ਮੌਕੇ ਤੇ ਇਹ ਕੰਮ ਸ਼ੁਰੂ ਕਿਉਂ ਨਹੀਂ ਕਰਵਾਇਆ ਗਿਆ, ਮਿਸਲ ਵਿੱਚ ਕੋਈ ਦਸਤਾਵੇਜ਼ ਇਹ ਵੀ ਨਹੀਂ ਦਰਸਾਉਂਦਾ ਕਿ ਕੰਮ ਸ਼ੁਰੂ ਨਾ ਕਰਨ ਸਬੰਧੀ ਸਬੰਧਤ ਠੇਕੇਦਾਰ ਨੂੰ ਕੋਈ ਨੋਟਿਸ ਦਿੱਤਾ ਗਿਆ ਹੋਵੇ ਅਤੇ ਮਿਸਲ ਤੇ 18 ਮਹੀਨੇ ਤੱਕ ਅਗਲੇ ਹੁਕਮਾਂ ਲਈ ਕਿਉਂ ਦੇਰੀ ਕੀਤੀ ਗਈ । ਇਹ ਵੀ ਫੈਸਲਾ ਹੋਇਆ ਕਿ ਹਾਲ ਦੀ ਘੜੀ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

14.8.2020